# ਵਿੱਦਿਅਕ ਵਰ੍ਹਾ (2022-23)
# ਜਮਾਤ-ਦਸਵੀਂ, ਪੰਜਾਬੀ (ਬੀ)
# ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

**ਸਮਾਂ : 3 ਘੰਟੇ** **ਅੰਕ : 65**

**ਨੋਟ : ਪ੍ਰਸ਼ਨ-ਪੱਤਰ ਦੇ ਕੁੱਲ 13 ਪ੍ਰਸ਼ਨ ਹੋਣਗੇ। ਪ੍ਰਸ਼ਨ ਨੰ. 1 ਸੁੰਦਰ ਲਿਖਾਈ ਲਈ ਰਾਖਵਾਂ ਹੋਵੇਗਾ। ਸਾਰੇ ਹੱਲ ਕਰਨੇ ਲਾਜ਼ਮੀ ਹੋਣਗੇ।**

**ਪ੍ਰਸ਼ਨ 1.** 5 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ, ਜੋ ਕਿ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ ਵਿੱਚ ਹੀ ਸ਼ਾਮਲ ਹਨ। **05**

**ਪ੍ਰਸ਼ਨ 2.** ਇਹ ਪ੍ਰਸ਼ਨ ਵਸਤੂਨਿਸ਼ਠ ਕਿਸਮ ਦਾ ਹੋਵੇਗਾ। (ਇਸ ਵਿੱਚੋਂ ਪ੍ਰਸ਼ਨ ਨੰ. 7, 8, 9, 10, 11, 12 ਅਤੇ 13 ਵਿੱਚੋਂ ਵਸਤੂਨਿਸ਼ਠ ਕਿਸਮ ਦੇ 10 ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ।) **10×1=10**

**ਪ੍ਰਸ਼ਨ 3.** ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਲਗਪਗ 400 ਸ਼ਬਦਾਂ ਵਿੱਚ ਲੇਖ ਲਿਖਣ ਲਈ ਕਿਹਾ ਜਾਵੇਗਾ। 3 ਅੰਕ ਵਿਸ਼ਾ ਵਸਤੂ ਦੇ ਅਤੇ 7 ਅੰਕ ਪ੍ਰਗਟਾਅ-ਵਿਸ਼ਾ ਵਸਤੂ ਦੀ ਤਰਤੀਬ, ਸਪਸ਼ਟਤਾ, ਸ਼ਬਦਾਵਲੀ, ਮੁਹਾਵਰੇ ਆਦਿ ਦੇ ਹਨ। **10**

**ਪ੍ਰਸ਼ਨ 4.** ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। 2 ਅੰਕ ਅਰੰਭ ਦੇ, 4 ਅੰਕ ਮੱਧ ਦੇ ਅਤੇ 1 ਅੰਕ ਅੰਤ ਦਾ ਹੈ। **2+3+1=6**

**ਪ੍ਰਸ਼ਨ 5.** ਲਗ-ਪਗ 150 ਸ਼ਬਦਾਂ ਦਾ ਇੱਕ ਪੈਰਾ ਦੇ ਕੇ ਉਸ ਨੂੰ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਨ ਲਈ ਕਿਹਾ ਜਾਵੇਗਾ। ਇਸ ਦਾ ਸਿਰਲੇਖ ਵੀ ਲਿਖਣਾ ਹੋਵੇਗਾ। ਸਿਰਲੇਖ ਦਾ 1 ਅੰਕ ਅਤੇ ਸੰਖੇਪ ਦੇ 4 ਅੰਕ ਹਨ। **1+4=5**

**ਪ੍ਰਸ਼ਨ 6.** ਪਾਠ-ਪੁਸਤਕ ਵਿੱਚੋ ਕੋਈ 6 ਮੁਹਾਵਰੇ ਦੇ ਕੇ ਕੋਈ 3 ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤਣ ਲਈ ਕਿਹਾ ਜਾਵੇਗਾ ਕਿ ਅਰਥ ਸਪਸ਼ਟ ਹੋ ਜਾਣ। ਵੱਖਰੇ ਅਰਥ ਨਹੀ ਪੁੱਛੇ ਜਾਣਗੇ। ਹਰੇਕ ਦੇ 2 ਅੰਕ ਹਨ। **3×2=6**

**ਪ੍ਰਸ਼ਨ 7.** ਇੱਕ ਅਜਿਹਾ ਪੈਰਾ ਜਾਂ ਕੁਝ ਵਾਕ ਦਿੱਤੇ ਜਾਣਗੇ, ਜਿਨ੍ਹਾਂ ਵਿੱਚ ਛੇ ਵਿਸਰਾਮ-ਚਿੰਨ੍ਹ ਹੀ ਲੱਗ ਸਕਦੇ ਹੋਣ, ਢੁਕਵੇਂ ਵਿਸਰਾਮ-ਚਿੰਨ੍ਹ ਲਾਉਣ ਲਈ ਕਿਹਾ ਜਾਵੇਗਾ। **6×1/2=3**

**ਪ੍ਰਸ਼ਨ 8. (ੳ)** ਇਸ ਪ੍ਰਸ਼ਨ ਵਿੱਚ ਵਿਆਕਰਨ ਪਰਿਭਾਸ਼ਾ, ਮੰਤਵ, ਅੰਗ : ਭਾਸ਼ਾ ਅਤੇ ਪੰਜਾਬੀ ਭਾਸ਼ਾ ਦੀਆਂ ਉਪ-ਭਸ਼ਾਵਾਂ, ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਬਾਰੇ ਦੋ ਬਹੁਤ ਛੋਟੇ ਉੱਤਰਾ ਵਾਲ਼ੇ ਪ੍ਰਸ਼ਨ ਪੁੱਛੇ ਜਾਣਗੇ। **2+2=4**

**(ਅ)** ਧੁਨੀ ਅਤੇ ਪੰਜਾਬੀ ਧੁਨੀਆਂ : ਸ੍ਵਰ, ਵਿਅੰਜਨ, ਨਾਸਕੀ ਸ੍ਵਰ, ਨਾਸਕੀ ਵਿਅੰਜਨ ਬਾਰੇ ਪ੍ਰਸ਼ਨ ਪੁੱਛਿਆ ਜਾਵੇਗਾ। **2**

**ਪ੍ਰਸ਼ਨ 9.** ਲਿਪੀ ਅਤੇ ਗੁਰਮੁਖੀ ਲਿਪੀ : ਵਰਨ ਜਾਂ ਅੱਖਰ ਮੁਕਤਾ, ਲਗਾਂ, ਬਿੰਦੀ, ਟਿੱਪੀ, ਅਧਕ ਦੀ ਵਰਤੋਂ ਬਾਰੇ ਬਹੁਤ ਛੋਟੇ ਉੱਤਰਾ ਵਾਲ਼ੇ ਦੋ ਪ੍ਰਸ਼ਨ ਪੁੱਛੇ ਜਾਣਗੇ। **2**

**ਪ੍ਰਸ਼ਨ 10. (ੳ)** ਦੋ ਸ਼ਬਦ-ਭੇਦ ਦੇ ਕੇ ਕਿਸੇ ਇੱਕ ਦੀ ਪਰਿਭਾਸਾ ਅਤੇ ਉਦਾਹਰਨ ਪੁੱਛੀ ਜਾਵੇਗੀ। (ਨਾਵ, ਪੜਨਾਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸਬੰਧਕ, ਯੋਜਕ ਅਤੇ ਵਿਸਮਿਕ ਦੀਆਂ ਪਰਿਭਾਸ਼ਾਵਾਂ।) **2**

**(ਅ)** ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ ਦੀਆਂ ਕਿਸਮਾਂ ਪੁੱਛੀਆਂ ਜਾਣਗੀਆਂ। **2**

**ਪ੍ਰਸ਼ਨ 11.** ਕੋਈ ਇੱਕ ਵਾਕ ਦੇ ਕੇ ਉਸ ਵਿਚਲੇ ਨਾਵ, ਪੜਨਾਂਵ ਸ਼ਬਦਾਂ ਦੇ ਵਚਨ ਤੇ ਲਿੰਗ ਬਦਲ ਕੇ ਦੋ ਵੱਖਰੇ-ਵੱਖਰੇ ਵਾਕਾਂ ਵਿੱਚ ਮੁੜ ਲਿਖਣ ਲਈ ਕਿਹਾ ਜਾਵੇਗਾ। **2**

**ਪ੍ਰਸ਼ਨ 12:** ਕੋਈ ਇੱਕ ਵਾਕ ਦੇ ਕੇ ਉਸ ਨੂੰ ਦੋ ਵੱਖ-ਵੱਖ ਕਾਲਾਂ ਵਿੱਚ ਬਦਲ ਕੇ ਮੁੜ ਲਿਖਣ ਲਈ ਕਿਹਾ ਜਾਵੇਗਾ। **2**

**ਪ੍ਰਸ਼ਨ 13: (ੳ)** ਇੱਕ ਬਹੁ-ਅਰਥਕ ਸ਼ਬਦ ਦੇ ਕੇ ਉਸ ਦੇ ਵੱਖਰੇ-ਵੱਖਰੇ ਅਰਥਾਂ ਨੂੰ ਸਪਸ਼ਟ ਕਰਨ ਲਈ ਉਸ ਨੂੰ ਵਾਕਾ ਵਿੱਚ ਵਰਤਣ ਲਈ ਕਿਹਾ ਜਾਵੇਗਾ।

**(ਅ)** ਇੱਕ ਸ਼ਬਦ ਦੇ ਕੇ ਉਸ ਦੇ ਸਮਾਨਾਰਥਕ ਸ਼ਬਦ ਲਿਖਣ ਲਈ ਕਿਹਾ ਜਾਵੇਗਾ।

**(ੲ)** ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਜਾਂ ਇੱਕ ਸ਼ਬਦ ਦੇ ਕੇ ਉਸ ਦਾ ਵਿਰੋਧੀ ਸ਼ਬਦ ਪੁੱਛਿਆ ਜਾਵੇਗਾ। **2+1+1=4**

**ਨਿਰਧਾਰਿਤ ਪਾਠ-ਪੁਸਤਕ :**

**ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ (ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**